# ਗਰਭ ਵਿੱਚ ਅਲਟ੍ਰਾਸਾਉਂਡ ਸਕੈਨ

ਬੱਚੇ ਦੇ ਜਨਮ ਤੋਂ ਪਹਿਲਾਂ ਤੁਹਾਡੀ ਦੇਖਭਾਲ ਦੇ ਹਿੱਸੇ ਵਜੋਂ, ਤੁਹਾਨੂੰ ਦੋ ਅਲਟ੍ਰਾਸਾਉਂਡ ਜਾਂਚਾਂ ਪੇਸ਼ ਕੀਤੀਆਂ ਜਾਣਗੀਆਂ। ਤੁਸੀਂ ਚੋਣ ਕਰ ਸਕਦੇ ਹੋ ਕਿ ਇਹ ਜਾਂਚਾਂ ਕਰਵਾਉਣੀਆਂ ਹਨ ਜਾਂ ਨਹੀਂ। ਆਪਣਾ ਮਨ ਬਣਾਉਣ ਤੋਂ ਪਹਿਲਾਂ ਕਿਰਪਾ ਕਰਕੇ ਇਸ ਕਿਤਾਬਚੇ ਨੂੰ ਪੜ੍ਹੋ।

ਇਹ ਕਿਤਾਬਚਾ ਗਰਭਵਤੀ ਔਰਤਾਂ ਲਈ ਹੈ ਅਤੇ ਵਿਆਖਿਆ ਕਰਦਾ ਹੈ ਕਿ:

- ਇਹ ਜਾਂਚਾਂ ਕੀ ਹੁੰਦੀਆਂ ਹਨ;
- ਇਹ ਕਿਉਂ ਕੀਤੀਆਂ ਜਾਂਦੀਆਂ ਹਨ; ਅਤੇ
- ਇਹ ਕਦੋਂ ਕੀਤੀਆਂ ਜਾਂਦੀਆਂ ਹਨ।

ਸਕੈਨ ਤੁਹਾਡੇ ਗਰਭ ਨਾਲ ਸੰਭਾਵੀ ਸਮੱਸਿਆਵਾਂ ਦੀ ਜਾਂਚ ਕਰਨ ਦਾ ਤਰੀਕਾ ਹੈ। ਇਹ ਇੱਕ ਪੜਤਾਲੀਆ ਜਾਂਚ ਹੁੰਦੀ ਹੈ। ਇਸ ਦਾ ਮਤਲਬ ਹੈ ਕਿ ਇਹ ਉਹਨਾਂ ਸਮੱਸਿਆਵਾਂ ਨੂੰ ਦਿਖਾ ਸਕਦਾ ਹੈ ਜਿਨ੍ਹਾਂ ਨੂੰ ਫ਼ੇਰ ਦੂਜੀਆਂ ਜਾਂਚਾਂ ਦੁਆਰਾ ਦੇਖੇ ਜਾਣ ਦੀ ਲੋੜ ਹੋਵੇਗੀ। ਸਕੈਨ ਸਾਰੀਆਂ ਸਮੱਸਿਆਵਾਂ ਦਾ ਪਤਾ ਨਹੀਂ ਲਗਾ ਸਕਦਾ।

## ਅਲਟ੍ਰਾਸਾਉਂਡ ਸਕੈਨ ਕੀ ਹੈ?

ਅਲਟ੍ਰਾਸਾਉਂਡ ਮਸ਼ੀਨ ਕੰਪਿਊਟਰ ਦੀ ਸਕਰੀਨ ਤੇ ਤਸਵੀਰ ਬਣਾਉਣ ਲਈ ਆਵਾਜ਼ ਤਰੰਗਾਂ ਨੂੰ ਵਰਤਦੀ ਹੈ।

ਜੋ ਵਿਅਕਤੀ ਸਕੈਨ ਕਰਦਾ ਹੈ ਉਸ ਨੂੰ ਸੋਨੋਗ੍ਰਾਫ਼ਰ ਕਿਹਾ ਜਾਂਦਾ ਹੈ। ਸੋਨੋਗ੍ਰਾਫ਼ਰ ਤੁਹਾਡੀ ਮੁਲਾਕਾਤ ਦੌਰਾਨ ਸਕੈਨ ਬਾਰੇ ਵਿਆਖਿਆ ਕਰੇਗਾ।

## ਸਕੈਨ ਦਾ ਪ੍ਰਬੰਧ ਕਿਵੇਂ ਕੀਤਾ ਜਾਂਦਾ ਹੈ?

ਜੇ ਤੁਸੀਂ ਫ਼ੈਸਲਾ ਕਰ ਲੈਂਦੇ ਹੋ ਕਿ ਤੁਸੀਂ ਸਕੈਨ ਕਰਵਾਉਣਾ ਚਾਹੋਗੇ, ਤਾਂ ਤੁਹਾਡੀ ਦਾਈ ਤੁਹਾਨੂੰ ਦੱਸੇਗੀ ਕਿ ਇਹ ਕਿੱਥੇ ਕੀਤਾ ਜਾ ਸਕਦਾ ਹੈ ਅਤੇ ਤੁਹਾਡੇ ਲਈ ਮੁਲਾਕਾਤ ਦਾ ਪ੍ਰਬੰਧ ਕਰੇਗੀ।

ਜੇ ਤੁਹਾਨੂੰ ਕੋਈ ਮੁਲਾਕਾਤ ਦਿੱਤੀ ਗਈ ਹੈ ਅਤੇ ਉਸ ਤੋਂ ਬਾਅਦ ਤੁਸੀਂ ਫ਼ੈਸਲਾ ਕਰਦੇ ਹੋ ਕਿ ਤੁਸੀਂ ਸਕੈਨ ਨਹੀਂ ਕਰਵਾਉਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਆਪਣੀ ਦਾਈ ਨੂੰ ਮੁਲਾਕਾਤ ਰੱਦ ਕਰਨ ਲਈ ਕਹੋ।

## ਸਕੈਨ ਕਿਵੇਂ ਕੀਤਾ ਜਾਂਦਾ ਹੈ?

ਜੇ ਤੁਹਾਡਾ ਸਕੈਨ ਕਰਦੇ ਸਮੇਂ ਤੁਹਾਡਾ ਮਸਾਨਾ (ਪਿਸ਼ਾਬ ਥੈਲੀ) ਪੂਰੀ ਤਰ੍ਹਾਂ ਖਾਲੀ ਨਹੀਂ ਹੈ ਤਾਂ ਸੋਨੋਗ੍ਰਾਫ਼ਰ ਨੂੰ ਤੁਹਾਡੇ ਬੱਚੇ ਦੀ ਸਾਫ਼ ਤਸਵੀਰ ਮਿਲੇਗੀ। ਕਿਰਪਾ ਕਰਕੇ ਆਪਣੀ ਮੁਲਾਕਾਤ ਤੋਂ ਪਹਿਲਾਂ ਤਕਰੀਬਨ ਇੱਕ ਘੰਟੇ ਲਈ ਪਿਸ਼ਾਬ ਨਾ ਕਰਨ ਦੀ ਕੋਸ਼ਿਸ਼ ਕਰੋ।

Information for Women

© Public Health Wales

ਸਕੈਨ ਘੱਟ ਰੋਸ਼ਨੀ ਵਾਲੇ ਕਮਰੇ ਵਿੱਚ ਕੀਤਾ ਜਾਂਦਾ ਹੈ ਤਾਂ ਜੋ ਸੋਨੋਗ੍ਰਾਫ਼ਰ ਤੁਹਾਡੇ ਬੱਚੇ ਨੂੰ ਸਕਰੀਨ ਤੇ ਸਾਫ਼-ਸਾਫ਼ ਦੇਖ ਸਕੇ। ਸਕੈਨ ਕਰਨ ਲਈ ਬਹੁਤ ਜ਼ਿਆਦਾ ਇਕਾਗਰਤਾ ਦੀ ਲੋੜ ਹੁੰਦੀ ਹੈ ਇਸ ਲਈ ਕਮਰੇ ਨੂੰ ਸ਼ਾਂਤ ਰੱਖਿਆ ਜਾਂਦਾ ਹੈ। ਸੋਨੋਗ੍ਰਾਫ਼ਰ ਤੁਹਾਨੂੰ ਦੱਸਣਗੇ ਕਿ ਉਹ ਕੀ ਕਰ ਰਹੇ ਹਨ ਅਤੇ ਉਹ ਕੀ ਲੱਭ ਰਹੇ ਹਨ।

ਤੁਹਾਨੂੰ ਸਕੈਨ ਲਈ ਆਪਣੇ ਪਿੱਠ ਦੇ ਭਾਰ ਲੇਟਣ ਲਈ ਕਿਹਾ ਜਾਵੇਗਾ। ਤੁਹਾਨੂੰ ਸਕੈਨ ਲਈ ਕੋਈ ਖਾਸ ਕੱਪੜੇ ਪਾਉਣ ਦੀ ਲੋੜ ਨਹੀਂ ਹੁੰਦੀ। ਪਰ, ਤੁਹਾਨੂੰ ਆਪਣੇ ਉੱਪਰਲੇ ਕੱਪੜੇ ਆਪਣੀ ਛਾਤੀ ਤੱਕ ਉੱਪਰ ਅਤੇ ਆਪਣੀ ਸਕਰਟ ਜਾਂ ਪੈਂਟ ਆਪਣੇ ਕੁਲ੍ਹੇ ਤੱਕ ਹੇਠਾਂ ਕਰਨ ਲਈ ਕਿਹਾ ਜਾਵੇਗਾ। ਤੁਹਾਡੇ ਪੇਟ ਦੇ ਹੇਠਲੇ ਹਿੱਸੇ 'ਤੇ ਇੱਕ ਜੇਲ ਫੈਲਾਇਆ ਜਾਂਦਾ ਹੈ ਤਾਂ ਜੋ ਟ੍ਰਾਂਸਡੂਸਰ ਨਾਮ ਦਾ ਉਪਕਰਣ ਤੁਹਾਡੇ ਪੇਟ 'ਤੇ ਅੱਗੇ ਪਿੱਛੇ ਚੱਲ ਸਕੇ। ਅਲਟ੍ਰਾਸਾਉਂਡ ਤਰੰਗਾਂ ਹਵਾ ਵਿੱਚੋਂ ਨਹੀਂ ਲੰਘਦੀਆਂ ਹਨ ਇਸ ਲਈ ਜੈਲ ਯਕੀਨੀ ਬਣਾਉਂਦਾ ਹੈ ਕਿ ਤੁਹਾਡੀ ਚਮੜੀ ਅਤੇ ਟ੍ਰਾਂਸਡੂਸਰ ਵਿਚਕਾਰ ਚੰਗਾ ਸੰਪਰਕ ਹੋਵੇ। ਤੁਹਾਡੇ ਕੱਪੜਿਆਂ ਨੂੰ ਟਿਸ਼ੂ ਪੇਪਰ ਨਾਲ ਜੇਲ ਤੋਂ ਬਚਾਇਆ ਜਾਵੇਗਾ।

ਟ੍ਰਾਂਸਡੂਸਰ ਤੁਹਾਡੇ ਪੇਟ ਦੇ ਰਾਹੀਂ ਬੱਚੇਦਾਨੀ ਤਕ ਆਵਾਜ਼ ਤਰੰਗਾਂ ਪਹੁੰਚਾਉਂਦਾ ਹੈ। ਆਵਾਜ਼ ਤਰੰਗਾਂ ਬੱਚੇ ਨੂੰ ਟਕਰਾ ਕੇ ਵਾਪਸ ਆਉਂਦੀਆਂ ਹਨ ਅਤੇ ਇਹਨਾਂ ਤੋਂ ਸਕਰੀਨ 'ਤੇ ਤਸਵੀਰ ਬਣਾਈ ਜਾਂਦੀ ਹੈ।

ਅਲਟ੍ਰਾਸਾਉਂਡ ਸਕੈਨ ਸਰਲ ਅਤੇ ਦਰਦ ਰਹਿਤ ਹੁੰਦਾ ਹੈ। ਸੋਨੋਗ੍ਰਾਫ਼ਰ ਨੂੰ ਤੁਹਾਡੇ ਬੱਚੇ ਨੂੰ ਸਹੀ ਤਰ੍ਹਾਂ ਨਾਲ ਦੇਖਣ ਲਈ ਤੁਹਾਡੇ ਢਿੱਡ ਨੂੰ ਦਬਾਉਣ ਦੀ ਲੋੜ ਪੈ ਸਕਦੀ ਹੈ।

## ਕੀ ਸਕੈਨ ਸੁਰੱਖਿਅਤ ਹੁੰਦੇ ਹਨ?

ਜਿਥੋਂ ਤੱਕ ਅਸੀ ਜਾਣਦੇ ਹਾਂ, ਸਾਡੇ ਦੁਆਰਾ ਪੇਸ਼ ਕੀਤੇ ਜਾਣ ਵਾਲੇ ਸ਼ੁਰੂਆਤੀ ਗਰਭ ਵਿੱਚ ਡੇਟਿੰਗ ਸਕੈਨ ਅਤੇ ਭਰੂਣ ਵਿੱਚ ਬੇਤਰਤੀਬੀ ਦਾ ਸਕੈਨ ਮਾਂ ਅਤੇ ਬੱਚੇ ਲਈ ਸੁਰੱਖਿਅਤ ਹੁੰਦੇ ਹਨ।

## ਸ਼ੁਰੂਆਤੀ ਗਰਭ ਦਾ ਸਕੈਨ ਅਤੇ ਭਰੂਣ ਵਿੱਚ ਬੇਤਰਤੀਬੀ ਦਾ ਸਕੈਨ ਕਰਵਾਉਣ ਦੇ ਕੀ ਫ਼ਾਇਦੇ ਹਨ?

ਸ਼ੁਰੂਆਤੀ ਗਰਭ ਦਾ ਸਕੈਨ ਪੁਸ਼ਟੀ ਕਰਦਾ ਹੈ ਕਿ ਤੁਹਾਡੇ ਬੱਚੇ ਦਾ ਦਿਲ ਧੜਕ ਰਿਹਾ ਹੈ ਅਤੇ ਪੁਸ਼ਟੀ ਕਰਦਾ ਹੈ ਕਿ ਤੁਹਾਡਾ ਗਰਭ ਕਿੰਨੇ ਹਫ਼ਤਿਆਂ ਦਾ ਹੈ। ਸਕੈਨ ਇਹ ਵੀ ਪਤਾ ਕਰੇਗਾ ਕਿ ਕੀ ਤੁਹਾਡੇ ਗਰਭ ਵਿੱਚ ਇੱਕ ਤੋਂ ਵੱਧ ਬੱਚੇ ਹਨ ਤਾਂ ਜੋ ਦਾਈਆਂ ਅਤੇ ਡਾਕਟਰ ਤੁਹਾਡੇ ਨਾਲ ਤੁਹਾਡੀ ਦੇਖਭਾਲ ਦੀ ਯੋਜਨਾ ਬਣਾ ਸਕਣ। ਸਕੈਨ ਬੱਚੇ ਦੇ ਜਨਮ ਤੋਂ ਪਹਿਲਾਂ ਸਮੱਸਿਆਵਾਂ ਦਾ ਪਤਾ ਲਗਾ ਸਕਦੇ ਹਨ। ਜਨਮ ਤੋਂ ਪਹਿਲਾਂ ਕਿਸੇ ਸਮੱਸਿਆ ਦਾ ਪਤਾ ਲੱਗਣ ਨਾਲ ਤੁਹਾਨੂੰ ਅਤੇ ਤੁਹਾਡੇ ਸਾਥੀ ਨੂੰ ਤਿਆਰੀ ਕਰਨ ਵਿੱਚ ਮਦਦ ਮਿਲਦੀ ਹੈ। ਕਦੇ-ਕਦੇ ਇਹ ਬੱਚੇ ਦੇ ਜਨਮ ਤੋਂ ਬਾਅਦ ਦੇ ਇਲਾਜ ਦੀ ਯੋਜਨਾ ਬਣਾਉਣ ਵਿੱਚ ਵੀ ਮਦਦ ਕਰ ਸਕਦਾ ਹੈ। ਕਦੇ-ਕਦੇ ਜਦੋਂ ਔਰਤਾਂ ਇਹ ਦੇਖਦੀਆਂ ਹਨ ਕਿ ਕੋਈ ਵੱਡੀ ਮੁਸ਼ਕਲ ਹੈ, ਤਾਂ ਉਹ ਗਰਭ ਨੂੰ ਖਤਮ ਕਰਨ ਬਾਰੇ ਵੀ ਸੋਚ ਸਕਦੀਆਂ ਹਨ।

Information for Women

© Public Health Wales

## ਸ਼ੁਰੂਆਤੀ ਗਰਭ ਦਾ ਸਕੈਨ ਅਤੇ ਭਰੂਣ ਵਿੱਚ ਬੇਤਰਤੀਬੀ ਦਾ ਸਕੈਨ ਕਰਵਾਉਣ ਦੇ ਕੀ ਨੁਕਸਾਨ ਹਨ?

ਸਕੈਨ ਕਰਵਾਉਣ ਨਾਲ ਤੁਹਾਨੂੰ ਚਿੰਤਾ ਹੋ ਸਕਦੀ ਹੈ, ਖ਼ਾਸ ਕਰਕੇ ਜੇ ਕਿਸੇ ਸਮੱਸਿਆ ਦਾ ਪਤਾ ਲਗਦਾ ਹੈ। ਜੇ ਤੁਸੀਂ ਆਪਣੇ ਬੱਚੇ ਦੇ ਜਨਮ ਤੋਂ ਪਹਿਲਾਂ ਉਸ ਦੀ ਕਿਸੇ ਵੀ ਸਮੱਸਿਆ ਬਾਰੇ ਜਾਣਨਾ ਨਹੀਂ ਚਾਹੁੰਦੇ ਹੋ, ਤਾਂ ਤੁਹਾਨੂੰ ਧਿਆਨ ਨਾਲ ਸੋਚਣ ਦੀ ਲੋੜ ਹੈ ਕਿ ਕੀ ਤੁਹਾਨੂੰ ਸਕੈਨ ਕਰਵਾਉਣੇ ਚਾਹੀਦੇ ਹਨ। ਤੁਹਾਨੂੰ ਆਪਣੀਆਂ ਚਿੰਤਾਵਾ ਬਾਰੇ ਆਪਣੀ ਦਾਈ ਨਾਲ ਵਿਚਾਰ-ਵਟਾਂਦਰਾ ਕਰਨਾ ਚਾਹੀਦਾ ਹੈ।

# ਨਤੀਜੇ

## ਕੀ ਮੇਰੇ ਨਤੀਜੇ ਗੁਪਤ ਹੋਣਗੇ?

NHS ਸਾਰੀਆਂ ਜਾਂਚਾਂ ਦੇ ਨਤੀਜਿਆਂ ਨੂੰ ਗੁਪਤ ਰੱਖਦਾ ਹੈ। ਇਸ ਬਾਰੇ ਹਸਪਤਾਲ ਨੀਤੀਆਂ ਵੱਖ-ਵੱਖ ਹਨ ਕਿ ਤੁਹਾਡੀ ਜਾਂਚ ਦੇ ਨਤੀਜਿਆਂ ਤਕ ਕਿੰਨੇ ਲੋਕਾਂ ਦੀ ਪਹੁੰਚ ਹੋ ਸਕਦੀ ਹੈ। ਤੁਹਾਡੀ ਦਾਈ ਤੁਹਾਨੂੰ ਸਥਾਨਕ ਪ੍ਰਬੰਧਾਂ ਬਾਰੇ ਸਮਝਾ ਸਕੇਗੀ।

## ਮੈਨੂੰ ਮੇਰੇ ਸਕੈਨ ਦੇ ਨਤੀਜੇ ਕਿਵੇਂ ਮਿਲਣਗੇ?

ਸੋਨੋਗ੍ਰਾਫ਼ਰ ਪਰੀਖਣ ਦੇ ਅੰਤ 'ਤੇ ਤੁਹਾਨੂੰ ਤੁਹਾਡੇ ਸਕੈਨ ਦੇ ਨਤੀਜੇ ਦੱਸੇਗਾ।.

## ਕੀ ਮੈਂ ਸਕੈਨ ਵੇਲੇ ਆਪਣੇ ਪਰਿਵਾਰ ਜਾਂ ਦੋਸਤਾਂ ਨੂੰ ਲਿਆ ਸਕਦੀ ਹਾਂ?

ਜ਼ਿਆਦਾਤਰ ਬੱਚੇ ਤੰਦਰੁਸਤ ਹੁੰਦੇ ਹਨ, ਪਰ ਕਿਉਂਕਿ ਬੇਤਰਤੀਬੀ ਸਕੈਨ ਅਸਧਾਰਨਤਾਵਾਂ ਦਿਖਾ ਸਕਦਾ ਹੈ, ਤੁਸੀਂ ਆਪਣੇ ਸਾਥੀ ਜਾਂ ਅਜਿਹੇ ਕਿਸੇ ਹੋਰ ਵਿਅਕਤੀ ਨੂੰ ਸਕੈਨ 'ਤੇ ਤੁਹਾਡੇ ਨਾਲ ਆਉਣ ਲਈ ਕਹਿ ਸਕਦੇ ਹੋ ਜੋ ਤੁਹਾਡੀ ਸਹਾਇਤਾ ਕਰ ਸਕਦਾ ਹੈ।

ਬੱਚਿਆਂ ਨੂੰ ਮੁਲਾਕਾਤ 'ਤੇ ਨਾ ਲਿਆਉਣਾ ਸਭ ਤੋਂ ਚੰਗਾ ਹੁੰਦਾ ਹੈ। ਉਹ ਸਕੈਨ ਦੇ ਦੌਰਾਨ ਤੁਹਾਡਾ ਅਤੇ ਸੋਨੋਗ੍ਰਾਫ਼ਰ ਦਾ ਧਿਆਨ ਖਿੱਚ ਸਕਦੇ ਹਨ।

## ਕੀ ਮੈਨੂੰ ਬੱਚੇ ਦੀ ਤਸਵੀਰ ਮਿਲ ਸਕਦੀ ਹੈ?

ਕਈ ਵਾਰ ਤੁਹਾਡੇ ਬੱਚੇ ਦੀਆਂ ਸਕੈਨ ਦੇ ਦੌਰਾਨ ਖਿੱਚੀਆਂ ਗਈਆਂ ਤਸਵੀਰਾਂ ਨੂੰ ਖਰੀਦਣਾ ਸੰਭਵ ਹੁੰਦਾ ਹੈ। ਜੇ ਤੁਸੀਂ ਇਹ ਕਰਨਾ ਚਾਹੋ ਤਾਂ ਕਿਰਪਾ ਕਰਕੇ ਆਪਣੇ ਸੋਨੋਗ੍ਰਾਫ਼ਰ ਨੂੰ ਸਕੈਨ ਸ਼ੁਰੂ ਹੋਣ ਤੋਂ ਪਹਿਲਾਂ ਦੱਸ ਦਿਉ।

Information for Women
© Public Health Wales

# ਸ਼ੁਰੂਆਤੀ ਗਰਭ ਵਿੱਚ ਅਲਟ੍ਰਾਸਾਊਂਡ ਸਕੈਨ

ਇਹ ਸਕੈਨ, ਆਮ ਕਰਕੇ ਗਰਭ ਦੇ 11 ਤੋਂ 13 ਹਫ਼ਤੇ 'ਤੇ, ਸਾਰੀਆਂ ਔਰਤਾਂ ਨੂੰ ਪੇਸ਼ ਕੀਤਾ ਜਾਂਦਾ ਹੈ।

## ਮੇਰੇ ਸਕੈਨ ਵਿੱਚ ਕਿੰਨਾ ਸਮਾਂ ਲੱਗੇਗਾ?

ਸ਼ੁਰੂਆਤੀ ਗਰਭ ਦੇ ਅਲਟ੍ਰਾਸਾਊਂਡ ਸਕੈਨ ਵਿੱਚ ਲਗਭਗ 10 ਮਿੰਟ ਲੱਗਦੇ ਹਨ।

ਸਕੈਨ ਹੇਠ ਲਿਖੇ ਕੰਮਾਂ ਲਈ ਕੀਤਾ ਜਾਂਦਾ ਹੈ:

- ਤੁਹਾਡੇ ਬੱਚੇ ਦੀ ਦਿਲ ਦੀ ਧੜਕਣ ਦੀ ਜਾਂਚ ਕਰਨੀ;
- ਪਤਾ ਕਰਨਾ ਕਿ ਕੀ ਤੁਹਾਡੇ ਗਰਭ ਵਿੱਚ ਇੱਕ ਤੋਂ ਵੱਧ ਬੱਚੇ ਹਨ (ਗਰਭ ਵਿੱਚ ਦੋ ਜਾਂ ਵੱਧ ਬੱਚਿਆਂ ਵਾਲੀਆਂ ਔਰਤਾਂ ਨੂੰ ਬੱਚੇ ਦੇ ਜਨਮ ਤੋਂ ਪਹਿਲਾਂ ਵਾਧੂ ਦੇਖਭਾਲ ਦੀ ਲੋੜ ਹੁੰਦੀ ਹੈ, ਅਤੇ ਜੁੜਵਾ ਗਰਭ ਦੇ ਨਾਲ ਇਹ ਜਾਣਨਾ ਮਹੱਤਵਪੂਰਨ ਹੁੰਦਾ ਹੈ ਕਿ ਕਿ ਬੱਚੇ ਇੱਕੋ ਜੇਰ ਵਿੱਚ ਹਨ);
- ਇਹ ਪਤਾ ਕਰਨ ਲਈ ਤੁਹਾਡੇ ਬੱਚੇ ਨੂੰ ਮਾਪਣਾ ਕਿ ਤੁਹਾਡਾ ਗਰਭ ਕਿੰਨੇ ਸਮੇਂ ਦਾ ਹੈ ਅਤੇ ਬੱਚੇ ਦੇ ਜਨਮ ਦੀ ਸੰਭਾਵੀ ਮਿਤੀ ਕੀ ਹੈ (ਇਹ ਖ਼ਾਸ ਕਰਕੇ ਮਹੱਤਵਪੂਰਨ ਹੁੰਦਾ ਹੈ ਜੇ ਤੁਸੀਂ ਕੁਝ ਪੜਤਾਲੀਆ ਜਾਂਚਾਂ ਕਰਵਾਉਣ ਬਾਰੇ ਸੋਚ ਰਹੇ ਹੋ); ਅਤੇ
- ਤੁਹਾਡੇ ਬੱਚੇ ਦੇ ਵਿਕਾਸ ਦੀ ਜਾਂਚ ਕਰਨੀ (ਇਸ ਸ਼ੁਰੂਆਤੀ ਪੜਾਅ 'ਤੇ ਬੱਚੇ ਦਾ ਵਾਧਾ ਸ਼ਪਸ਼ਟ ਨਹੀਂ ਹੁੰਦਾ, ਪਰ ਕਈ ਵਾਰ ਗੰਭੀਰ ਸਮੱਸਿਆਵਾਂ ਦਾ ਪਤਾ ਲਗ ਸਕਦਾ ਹੈ)।

## ਕੀ ਮੈਨੂੰ ਇੱਕ ਹੋਰ ਸ਼ੁਰੂਆਤੀ ਗਰਭ ਦਾ ਸਕੈਨ ਕਰਵਾਉਣ ਦੀ ਲੋੜ ਹੋਵੇਗੀ?

ਕਈ ਵਾਰ ਪੇਟ ਦੇ ਟ੍ਰਾਂਸਡੂਸਰ ਦੀ ਵਰਤੋਂ ਕਰਦੇ ਹੋਏ ਬੱਚਾ ਸਪਸ਼ਟ ਦਿਖਾਈ ਨਹੀਂ ਦਿੰਦਾ ਹੈ, ਇਸ ਲਈ ਸੋਨੋਗ੍ਰਾਫ਼ਰ ਤੁਹਾਨੂੰ ਅੰਦਰੂਨੀ ਸਕੈਨ ਦੀ ਸਲਾਹ ਦੇ ਸਕਦਾ ਹੈ। ਇਸ ਨੂੰ ਟ੍ਰਾਂਸਵੇਜੀਨਲ ਸਕੈਨ ਕਹਿੰਦੇ ਹਨ, ਅਤੇ ਇਹ ਵਧੇਰੇ ਵਿਸਤ੍ਰਿਤ ਤਸਵੀਰ ਦੇ ਸਕਦਾ ਹੈ। ਤੁਹਾਨੂੰ ਇਸ ਸਕੈਨ ਤੋ ਪਹਿਲਾਂ ਆਪਣੇ ਮਸਾਨੇ ਨੂੰ ਖਾਲੀ ਕਰਨ ਲਈ ਕਿਹਾ ਜਾਵੇਗਾ। ਇੱਕ ਛੋਟਾ ਟ੍ਰਾਂਸਡੂਸਰ ਯੋਨੀ ਵਿੱਚ ਪਾਇਆ ਜਾਵੇਗਾ, ਜਿਵੇਂ ਕਿ ਕੋਈ ਟੈਂਪੋਨ ਪਾਇਆ ਜਾਂਦਾ ਹੈ।

ਯੋਨੀ ਰਾਹੀਂ ਅਲਟ੍ਰਾਸਾਊਂਡ ਸਕੈਨ ਕਾਰਨ ਕੋਈ ਦਰਦ ਨਹੀਂ ਹੁੰਦਾ ਹੈ। ਸੋਨੋਗ੍ਰਾਫ਼ਰ ਸਕੈਨ ਬਾਰੇ ਵਿਆਖਿਆ ਕਰੇਗਾ ਅਤੇ ਇਸਨੂੰ ਕਰਨ ਲਈ ਤੁਹਾਡੀ ਸਹਿਮਤੀ ਮੰਗੇਗਾ। ਜੇ ਤੁਸੀਂ ਅੰਦਰੂਨੀ ਸਕੈਨ ਨਹੀਂ ਕਰਵਾਉਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਸੋਨੋਗ੍ਰਾਫ਼ਰ ਨੂੰ ਦੱਸੋ। ਤੁਹਾਨੂੰ ਇੱਕ ਹੋਰ ਪੇਟ ਦੇ ਸਕੈਨ ਲਈ ਅਪਵਾਇੰਟਮੈਂਟ ਦਿੱਤੀ ਜਾਵੇਗੀ।

# ਭਰੂਣ ਵਿੱਚ ਬੇਤਰਤੀਬੀ ਦਾ ਅਲਟ੍ਰਾਸਾਊਂਡ ਸਕੈਨ

ਇਹ ਸਕੈਨ ਗਰਭ ਦੇ 18 ਤੋਂ 20 ਹਫ਼ਤੇ 'ਤੇ ਪੇਸ਼ ਕੀਤਾ ਜਾਂਦਾ ਹੈ।


© Public Health Wales

## ਮੇਰੇ ਸਕੈਨ ਵਿੱਚ ਕਿੰਨਾ ਸਮਾਂ ਲੱਗੇਗਾ?

ਸਕੈਨ ਵਿੱਚ ਆਮ ਤੌਰ 'ਤੇ 15 ਤੋਂ 20 ਮਿੰਟ ਲੱਗਦੇ ਹਨ।

ਸਕੈਨ ਹੇਠ ਲਿਖੇ ਕੰਮਾਂ ਲਈ ਕੀਤਾ ਜਾਂਦਾ ਹੈ:

- ਤੁਹਾਡੇ ਬੱਚੇ ਦੇ ਸਰੀਰਕ ਵਾਧੇ ਦੀ ਜਾਂਚ ਕਰਨੀ;
- ਸਮੱਸਿਆਵਾਂ (ਬੇਤਰਤੀਬੀਆਂ ਵੀ ਕਿਹਾ ਜਾਂਦਾ ਹੈ) ਦਾ ਪਤਾ ਲਗਾਉਣ ਮਦਦ ਕਰਨੀ, ਜਿਵੇਂ ਕਿ ਸਪਾਈਨਾ ਬੀਫੀਡਾ ਅਤੇ ਦੂਜੇ ਨਿਓਰਲ ਟਿਊਬ ਦੇ ਨੁਕਸ;
- ਬੱਚੇਦਾਨੀ ਵਿੱਚ ਬੱਚੇ ਦੇ ਆਸਪਾਸ ਤਰਲ ਦੀ ਮਾਤਰਾ ਦੀ ਜਾਂਚ ਕਰਨੀ; ਅਤੇ
- ਜੇਰ ਦੀ ਸਥਿਤੀ ਦੇਖਣੀ।

ਸੋਨੋਗ੍ਰਾਫ਼ਰ ਕੋਲ ਤੁਹਾਡੇ ਬੱਚੇ ਅੰਦਰ ਦੇਖਣ ਲਈ ਚੀਜ਼ਾਂ ਦੀ ਸੂਚੀ ਹੁੰਦੀ ਹੈ ਅਤੇ ਉਹ ਕੁਝ ਮਾਪ ਵੀ ਲਵੇਗਾ।

## ਕੀ ਮੈਨੂੰ ਭਰੂਣ ਵਿੱਚ ਬੇਤਰਤੀਬੀ ਦਾ ਇੱਕ ਹੋਰ ਸਕੈਨ ਕਰਵਾਉਣ ਦੀ ਲੋੜ ਹੋਵੇਗੀ?

ਸੋਨੋਗ੍ਰਾਫ਼ਰ ਕੁਝ ਖ਼ਾਸ ਸਮੱਸਿਆਵਾਂ ਅਤੇ ਬਣਤਰਾਂ, ਜਿਵੇਂ ਕਿ ਸਪਾਈਨਾ ਬੀਫੀਡਾ, ਦੇਖਣ ਲਈ ਇੱਕ ਸਹਿਮਤ ਕੀਤੀ ਗਈ ਜਾਂਚ ਸੂਚੀ ਦੀ ਵਰਤੋਂ ਕਰੇਗਾ। ਹੋ ਸਕਦਾ ਹੈ ਕਿ ਸੋਨੋਗ੍ਰਾਫ਼ਰ ਜਾਂਚ ਸੂਚੀ ਵਿਚਲੀ ਹਰ ਚੀਜ਼ ਨਾ ਦੇਖ ਸਕੇ। ਕਈ ਵਾਰ ਤੁਹਾਡੇ ਸਕੈਨ ਦੇ ਦੌਰਾਨ ਸੂਚੀ ਵਿਚਲੀ ਹਰ ਚੀਜ਼ ਨੂੰ ਦੇਖਣਾ ਸੰਭਵ ਨਹੀਂ ਹੁੰਦਾ। ਇਹ ਹੇਠਾਂ ਦਿੱਤੇ ਕਾਰਨਾਂ ਕਰਕੇ ਹੋ ਸਕਦਾ ਹੈ:

- ਤੁਹਾਡਾ ਬੱਚਾ ਅਜਿਹੀ ਸਥਿਤੀ ਵਿੱਚ ਸੀ ਜਿਸ ਕਾਰਨ ਪਰੀਖਣ ਕਰਨਾ ਮੁਸ਼ਕਲ ਹੋ ਗਿਆ;
- ਸਕੈਨ ਤੁਹਾਡੇ ਗਰਭ ਵਿੱਚ ਬਹੁਤ ਜਲਦੀ ਕਰ ਦਿੱਤਾ ਗਿਆ ਸੀ; ਅਤੇ
- ਤੁਹਾਡੇ ਕੱਦ ਦੇ ਹਿਸਾਬ ਨਾਲ ਤੁਹਾਡਾ ਭਾਰ ਬਹੁਤ ਜ਼ਿਆਦਾ ਸੀ ਅਤੇ ਇਸ ਕਾਰਨ ਤੁਹਾਡੇ ਬੱਚੇ ਨੂੰ ਦੇਖਣਾ ਮੁਸ਼ਕਲ ਹੋ ਗਿਆ ਕਿਉਂਕਿ ਤਸਵੀਰਾਂ ਸਪਸ਼ਟ ਨਹੀਂ ਸਨ।

Information for Women

© Public Health Wales

ਜੇ ਅਜਿਹਾ ਹੁੰਦਾ ਹੈ, ਤਾਂ ਤੁਹਾਨੂੰ ਇੱਕ ਹੋਰ ਸਕੈਨ ਲਈ ਵਾਪਸ ਆਉਣ ਵਾਸਤੇ ਇੱਕ ਹੋਰ ਅਪਵਾਇੰਟਮੈਂਟ ਦਿੱਤੀ ਜਾਵੇਗੀ ਤਾਂ ਜੋ ਸੋਨੋਗ੍ਰਾਫ਼ਰ ਸੂਚੀ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰ ਸਕੇ। ਸੋਨੋਗ੍ਰਾਫ਼ਰ ਲਈ ਸੂਚੀ ਨੂੰ ਪੂਰਾ ਕਰਨਾ ਹਮੇਸ਼ਾਂ ਸੰਭਵ ਨਹੀਂ ਹੁੰਦਾ, ਦੂਜੀ ਅਪਵਾਇੰਟਮੈਂਟ 'ਤੇ ਵੀ।

## ਸਕੈਨ ਕਿਹੜੀਆਂ ਸਮੱਸਿਆਵਾਂ ਨੂੰ ਲੱਭ ਸਕਦਾ ਹੈ?

ਸਕੈਨ ਬੱਚੇ ਦੇ ਵਾਧੇ ਬਾਰੇ ਕੁਝ ਸਮੱਸਿਆਵਾਂ ਦਿਖਾ ਸਕਦਾ ਹੈ, ਪਰ ਸਾਰੀਆਂ ਨਹੀਂ। ਤੁਹਾਡੇ ਬੱਚੇ ਦੀਆਂ ਕੁਝ ਸਮੱਸਿਆਵਾਂ 20 ਹਫ਼ਤਿਆਂ ਤੋਂ ਬਾਅਦ ਸ਼ੁਰੂ ਹੁੰਦੀਆਂ ਹਨ ਅਤੇ ਹੋ ਸਕਦਾ ਹੈ ਕੁਝ ਅਲਟ੍ਰਾਸਾਉਂਡ ਵਿੱਚ ਨਹੀਂ ਦਿਖਾਈ ਨਾ ਦੇਣ। ਇਹੀ ਕਾਰਨ ਹੈ ਕਿ, ਥੋੜ੍ਹੇ ਮਾਮਲਿਆਂ ਵਿੱਚ, ਅਲਟ੍ਰਾਸਾਉਂਡ ਸਕੈਨ ਦੇ ਦੌਰਾਨ ਕੋਈ ਸਮੱਸਿਆ ਦਿਖਾਈ ਨਾ ਦੇਣ ਦੇ ਬਾਵਜੂਦ ਸਮੱਸਿਆਵਾਂ ਵਾਲੇ ਬੱਚੇ ਪੈਦਾ ਹੁੰਦੇ ਹਨ।

ਪੰਨਾ 5 'ਤੇ ਸਭ ਉਹਨਾਂ ਸਭ ਤੋਂ ਵੱਧ ਆਮ ਸਮੱਸਿਆਵਾਂ ਦੀ ਸੂਚੀ ਹੈ ਜੋ ਤੁਹਾਡੇ ਸਕੈਨ ਦੌਰਾਨ ਦੇਖੀਆਂ ਜਾ ਸਕਦੀਆਂ ਹਨ। ਸੱਜੇ ਹੱਥ ਦਾ ਕਾਲਮ ਦਿਖਾਉਂਦਾ ਹੈ ਕਿ ਜੇ ਤੁਹਾਡੇ ਬੱਚੇ ਨੂੰ ਉਹ ਸਮੱਸਿਆ ਹੈ ਤਾਂ ਬੇਤਰਤੀਬੀ ਦੇ ਸਕੈਨ ਦੁਆਰਾ ਹਰੇਕ ਸਮੱਸਿਆ ਨੂੰ ਪਛਾਣਨ ਦੀ ਕਿੰਨੀ ਸੰਭਾਵਨਾ ਹੈ। ਇਸ ਸੂਚੀ ਵਿੱਚ ਉਹ ਸਾਰੀਆਂ ਸਮੱਸਿਆਵਾਂ ਨਹੀਂ ਹਨ ਜੋ ਦੇਖੀਆਂ ਜਾ ਸਕਦੀਆਂ ਹਨ।

| ਸਮੱਸਿਆ | 18 ਤੋਂ 20 ਹਫ਼ਤਿਆਂ 'ਤੇ ਅਲਟ੍ਰਾਸਾਉਂਡ ਬੇਤਰਤੀਬੀ ਸਕੈਨ ਵਿੱਚ ਸਮੱਸਿਆ ਦਾ ਪਤਾ ਲੱਗਣ ਦੀ ਸੰਭਾਵਨਾ |
|---|---|
| ਨਿਊਰਲ ਟਿਊਬ ਦੇ ਨੁਕਸ ਉਸ ਸਮੇਂ ਹੁੰਦੇ ਹਨ ਜਦੋਂ ਰੀੜ੍ਹ ਜਾਂ ਦਿਮਾਗ ਨੂੰ ਢੱਕਣ ਵਾਲੀ ਹੱਡੀ ਸਹੀ ਰੂਪ ਨਹੀਂ ਲੈਂਦੀ ਹੈ। ਦੋ ਮੁੱਖ ਨਿਊਰਲ ਟਿਊਬ ਦੇ ਨੁਕਸ ਹਨ:<br><br>**ਐਨੇਸੇਫੈਲੀ (Anencephaly)** (ਸਿਰ ਦੇ ਉਪਰਲੇ ਹਿੱਸੇ ਦਾ ਨਾ ਹੋਣਾ)<br><br>**ਸਪਾਈਨਾ ਬਾਈਫੀਡਾ** (ਰੀੜ੍ਹ 'ਤੇ ਚਮੜੀ ਜਾਂ ਹੱਡੀ ਨਾ ਹੋਣੀ) | **99%**<br><br>**90%** |
| **ਦਿਲ ਦੀ ਵੱਡੀ ਸਮੱਸਿਆ** | **25%** |
| **ਡਾਇਆ ਫਰੈਗਮੈਟਿਕ ਹਰਨੀਆ** (ਛਾਤੀ ਅਤੇ ਪੇਟ ਨੂੰ ਵੱਖਰਾ ਕਰਨ ਵਾਲੇ ਪੱਠੇ ਵਿੱਚ ਨੁਕਸ) | **60%** |

ਵੱਲੋਂ: www.rcog.org.uk (16/12/09 ਨੂੰ ਦੇਖੀ ਗਈ)

ਬੱਚੇ ਦੀਆਂ ਕੁਝ ਸਮੱਸਿਆਵਾਂ ਬੱਚੇ ਨੂੰ ਕ੍ਰੋਮੋਸੋਮ ਸਮੱਸਿਆਵਾਂ ਹੋਣ ਕਾਰਨ ਹੋ ਸਕਦੀਆਂ ਹਨ ਜੋ ਬੱਚੇ ਦੇ ਵਾਧੇ ਨੂੰ ਪ੍ਰਭਾਵਿਤ ਕਰਦੇ ਹਨ। ਜੇ ਕ੍ਰੋਮੋਸੋਮ ਸਮੱਸਿਆ ਦਾ ਸ਼ੱਕ ਹੁੰਦਾ ਹੈ, ਤਾਂ ਤੁਹਾਨੂੰ ਅਮੀਨੋਸੈਂਟੇਸਿਸ ਦੀ ਪੇਸ਼ਕਸ਼ ਕੀਤੀ ਜਾ ਸਕਦੀ ਹੈ। ਇਸ ਜਾਂਚ ਬਾਰੇ ਜਾਣਕਾਰੀ ਤੁਹਾਨੂੰ ਇੱਕ ਵੱਖਰੇ ਕਿਤਾਬਚੇ ਵਿੱਚ ਮਿਲ ਸਕਦੀ ਹੈ।

Information for Women
© Public Health Wales

ਦੂਜੀਆਂ ਬਹੁਤ ਦੁਰਲੱਭ ਸਮੱਸਿਆਵਾਂ ਦਾ ਭਰੂਣ ਦੀ ਬੇਤਰਤੀਬੀ ਸਕੈਨ ਵਿੱਚ ਪਤਾ ਲਗਾਇਆ ਜਾ ਸਕਦਾ ਹੈ, ਜਿਵੇਂ ਕਿ ਗੁਰਦਾ ਅਤੇ ਹੱਥਾਂ-ਪੈਰਾਂ ਦੀਆਂ ਸਮੱਸਿਆਵਾਂ। ਕੁਝ ਸਮੱਸਿਆਵਾਂ ਦਾ ਇਸ ਸਕੈਨ ਵਿੱਚ ਪਤਾ ਨਹੀਂ ਲਗਾਇਆ ਜਾ ਸਕਦਾ ਹੈ, ਜਿਵੇਂ ਕਿ ਬੱਚੇ ਵਧਣ ਦੇ ਤਰੀਕੇ ਵਿੱਚ ਛੋਟੀਆਂ ਸਮੱਸਿਆਵਾਂ, ਸਕੈਨ ਤੋਂ ਬਾਅਦ ਪੈਦਾ ਹੋਣ ਵਾਲੀਆਂ ਸਮੱਸਿਆਵਾਂ, ਅਤੇ ਸੇਰੇਬਰਲ ਪਾਲਸੀ (ਦਿਮਾਗ ਦਾ ਅਧਰੰਗ) ਅਤੇ ਆਤਮਲੀਨਤਾ।

## ਜੇ ਸਕੈਨ ਦੇ ਦੌਰਾਨ ਕਿਸੇ ਸਮੱਸਿਆ ਦਾ ਪਤਾ ਲਗਦਾ ਹੈ, ਜਾਂ ਸ਼ੱਕ ਹੁੰਦਾ ਹੈ ਤਾਂ ਕੀ ਹੋਵੇਗਾ?

ਜੇ ਸੋਨੋਗ੍ਰਾਫ਼ਰ ਨੂੰ ਕੋਈ ਸਮੱਸਿਆ ਮਿਲਦੀ ਹੈ, ਤਾਂ ਉਹ ਤੁਹਾਨੂੰ ਇਸ ਬਾਰੇ ਦੱਸਣਗੇ ਅਤੇ ਤੁਸੀਂ ਆਪਣੀ ਬੱਚੇ ਦੇ ਜਨਮ ਤੋਂ ਪਹਿਲਾਂ ਦੇ ਕਲੀਨਿਕ ਵਿੱਚ ਆਪਣੀ ਦਾਈ ਜਾਂ ਡਾਕਟਰ ਨਾਲ ਗੱਲ ਕਰ ਸਕੋਗੇ।

ਕੁਝ ਛੋਟੀਆਂ ਸਮੱਸਿਆਵਾਂ ਲਈ ਬਸ ਗਰਭ ਦੇ ਬਾਅਦ ਵਾਲੇ ਪੜਾਅ ਵਿੱਚ ਵਾਧੂ ਸਕੈਨਾਂ ਦੀ ਲੋੜ ਹੋਵੇਗੀ।

ਕਦੇ-ਕਦੇ ਪਹਿਲੇ ਬੇਰਤੀਬੀ ਸਕੈਨ ਵਿੱਚ, ਸੋਨੋਗ੍ਰਾਫ਼ਰ ਲਈ ਯਕੀਨੀ ਤੌਰ 'ਤੇ ਇਹ ਦੱਸਣਾ ਸੰਭਵ ਨਹੀਂ ਹੁੰਦਾ ਕਿ ਸਮੱਸਿਆ ਕੀ ਹੈ। ਤੁਹਾਨੂੰ ਕਿਸੇ ਵੱਖਰੇ ਵਿਭਾਗ ਵਿੱਚ ਜਾਂ ਕਿਸੇ ਅਜਿਹੇ ਮਾਹਿਰ ਨਾਲ ਜੋ ਉਸ ਕਿਸਮ ਦੀ ਸਮੱਸਿਆ ਨੂੰ ਦੇਖਦਾ ਹੈ ਜੋ ਤੁਹਾਡੇ ਬੱਚੇ ਨੂੰ ਹੋਣ ਦਾ ਸ਼ੱਕ ਹੈ, ਇੱਕ ਹੋਰ ਸਕੈਨ ਪੇਸ਼ ਕੀਤਾ ਜਾ ਸਕਦਾ ਹੈ।

## ਵਿਸਤ੍ਰਿਤ ਸਕੈਨ ਤੋਂ ਬਾਅਦ ਨਿਦਾਨਕਾਰੀ ਜਾਂਚਾਂ

ਤੁਹਾਨੂੰ ਇੱਕ ਹੋਰ ਜਾਂਚ ਵੀ ਪੇਸ਼ ਕੀਤੀ ਜਾ ਸਕਦੀ ਹੈ, ਜਿਵੇਂ ਕਿ ਅਮੀਨੋਸੈਂਟੇਸਿਸ। ਤੁਹਾਨੂੰ ਕਿਸੇ ਵੀ ਹੋਰ ਜਾਂਚਾਂ ਬਾਰੇ ਤੁਹਾਡੀ ਦਾਈ ਜਾਂ ਪ੍ਰਸੂਤ ਵਿਸ਼ੇਸ਼ੱਗ (ਹਸਪਤਾਲ ਦੇ ਡਾਕਟਰ) ਦੁਆਰਾ ਵਧੇਰੇ ਜਾਣਕਾਰੀ ਦਿੱਤੀ ਜਾਵੇਗੀ।

## ਜੇ ਯਕੀਨੀ ਤੌਰ 'ਤੇ ਕੋਈ ਬੇਤਰਤੀਬੀ ਮਿਲਦੀ ਹੈ ਤਾਂ ਕੀ ਹੋਵੇਗਾ?

ਤੁਹਾਡੇ ਬੱਚੇ ਨੂੰ ਹੋ ਸਕਣ ਵਾਲੀ ਕਿਸੇ ਸਮੱਸਿਆ ਦਾ ਜਨਮ ਤੋਂ ਪਹਿਲਾਂ ਪਤਾ ਲੱਗਣ ਨਾਲ ਤੁਹਾਨੂੰ ਅਤੇ ਤੁਹਾਡੇ ਸਾਥੀ ਨੂੰ ਤਿਆਰ ਹੋਣ ਵਿੱਚ ਮਦਦ ਮਿਲਦੀ ਹੈ। ਸਮੱਸਿਆ ਦੀ ਕਿਸਮ ਬਾਰੇ ਜਾਣਕਾਰੀ ਨੂੰ ਇਸ ਬਾਰੇ ਤਿਆਰੀ ਕਰਨ ਲਈ ਵਰਤਿਆ ਜਾ ਸਕਦਾ ਹੈ ਕਿ ਤੁਹਾਡੇ ਬੱਚੇ ਦੀ ਜਨਮ ਕਿਵੇਂ, ਕਦੋਂ ਅਤੇ ਕਿੱਥੇ ਦੇਣਾ ਹੈ। ਤੁਹਾਡੇ ਬੱਚੇ ਨੂੰ ਕਿਸੇ ਵੱਖਰੇ ਹਸਪਤਾਲ ਵਿੱਚ ਜਨਮ ਦੇਣ ਦੀ ਲੋੜ ਹੋ ਸਕਦੀ ਹੈ ਜੋ ਮਾਹਿਰ ਸਟਾਫ਼ ਅਤੇ ਦੇਖਭਾਲ ਮੁਹੱਈਆ ਕਰ ਸਕਣ ਹਨ ਜਿਸ ਦੀ ਤੁਹਾਡੇ ਬੱਚੇ ਨੂੰ ਲੋੜ ਹੋ ਸਕਦੀ ਹੈ।
ਬਹੁਤ ਛੋਟੀ ਗਿਣਤੀ ਦੀਆਂ ਸਮੱਸਿਆਵਾਂ ਦਾ ਇਲਾਜ ਬੱਚੇ ਦੇ ਜਨਮ ਤੋਂ ਪਹਿਲਾਂ ਕੀਤਾ ਜਾ ਸਕਦਾ ਹੈ।

ਜੇ ਸਮੱਸਿਆ ਗੰਭੀਰ ਹੈ, ਤਾਂ ਤੁਸੀਂ ਆਪਣਾ ਗਰਭ ਖਤਮ ਕਰਨ ਦਾ ਫ਼ੈਸਲਾ ਕਰ ਸਕਦੇ ਹੋ, ਜਾਂ ਤੁਸੀਂ ਗਰਭ ਜਾਰੀ ਰੱਖਣ ਦਾ ਫ਼ੈਸਲਾ ਕਰ ਸਕਦੇ ਹੋ। ਇਹ ਮੁਸ਼ਕਲ ਫ਼ੈਸਲੇ ਹੁੰਦੇ ਹਨ ਅਤੇ ਤੁਹਾਨੂੰ ਅਜਿਹਾ ਫ਼ੈਸਲਾ ਕਰਨ ਲਈ, ਜੋ ਤੁਹਾਡੇ ਲਈ ਸਹੀ ਹੈ, ਸਮਾਂ, ਜਾਣਕਾਰੀ ਅਤੇ ਸਮਰਥਨ ਦਿੱਤਾ ਜਾਵੇਗਾ।


© Public Health Wales

ਇਹ ਪਤਾ ਲੱਗਣਾ ਕਿ ਤੁਹਾਡੇ ਅਨਜਨਮੇ ਬੱਚੇ ਨੂੰ ਸਮੱਸਿਆ ਹੈ ਪਰੇਸ਼ਾਨੀ ਭਰਿਆ ਹੁੰਦਾ ਹੈ ਅਤੇ ਇਸ ਫ਼ੈਸਲਾ ਕਰਨਾ ਬਹੁਤ ਮੁਸ਼ਕਲ ਹੁੰਦਾ ਹੈ ਕਿ ਕੀ ਕਰਨਾ ਹੈ। ਜ਼ਿਆਦਾਤਰ ਔਰਤਾਂ ਸਮਰਥਨ ਚਾਹੁੰਦੀਆਂ ਹਨ ਅਤੇ ਉਹਨਾਂ ਨੂੰ ਇਸ ਦੀ ਲੋੜ ਹੁੰਦੀ ਹੈ। ਇਹ ਤੁਹਾਡੇ ਸਾਥੀ, ਪਰਿਵਾਰ ਜਾਂ ਦੋਸਤਾਂ ਤੋਂ ਜਾਂ ਫੇਰ ਉਹਨਾਂ ਸਿਹਤ ਪੇਸ਼ਾਵਰਾਂ ਤੋਂ ਮਿਲ ਸਕਦਾ ਹੈ ਜੋ ਤੁਹਾਡੀ ਦੇਖਭਾਲ ਕਰ ਰਹੇ ਹਨ। ਜੇ ਤੁਸੀਂ ਚਾਹੁੰਦੇ ਹੋ, ਤਾਂ ਤੁਹਾਡਾ ਸਾਥੀ ਜਾਂ ਕੋਈ ਦੋਸਤ ਹਸਪਤਾਲ ਦੀ ਅਪਵਾਇੰਟਮੈਂਟ 'ਤੇ ਤੁਹਾਡੇ ਨਾਲ ਜਾ ਸਕਦੇ ਹਨ।

## ਵਧੇਰੇ ਜਾਣਕਾਰੀ

ਅਲਟ੍ਰਾਸਾਉਂਡ ਸਕੈਨ ਬਾਰੇ ਵਧੇਰੇ ਜਾਣਕਾਰੀ ਤੁਹਾਨੂੰ ਤੁਹਾਡੀ ਦਾਈ, ਤੁਹਾਡੇ ਹਸਪਤਾਲ ਦੇ ਡਾਕਟਰ (ਤੁਹਾਡੇ ਪ੍ਰਸੂਤ ਵਿਸ਼ੇਸ਼ੱਗ), ਤੁਹਾਡੇ ਸੋਨੋਗ੍ਰਾਫ਼ਰ ਅਤੇ ਐਂਟੀਨੇਟਲ ਸਕਰੀਨਿੰਗ ਵੇਲਜ਼ (Antenatal Screening Wales) ਦੀ ਇਸ ਵੈਬਸਾਈਟ ਤੋਂ ਮਿਲ ਸਕਦੀ ਹੈ: www.antenatalscreening.org

© ਕਾਪੀਰਾਈਟ 2010 ਪਬਲਿਕ ਹੈਲਥ ਵੇਲਜ਼ NHS ਟ੍ਰਸਟ। ਸਾਰੇ ਹੱਕ ਰਾਖਵੇਂ ਹਨ। ਕਾਪੀਰਾਈਟ ਮਾਲਕ ਦੀ ਆਗਿਆ ਦੇ ਬਿਨਾਂ ਪੂਰਾ ਦਾ ਇਸਦਾ ਕੋਈ ਹਿੱਸਾ ਨਾ ਪ੍ਰਕਾਸ਼ਿਤ ਕੀਤਾ ਜਾਵੇ।

www.antenatalscreening.org
ਅਪ੍ਰੈਲ 2010
US 9ਵਾਂ ਸੰਸਕਰਨ

Information for Women

© Public Health Wales